ਪੀਐਸਪੀਸੀਐਲ
ਦਫ:ਮੁੱਖ/ਪ੍ਰਬੰਧਕੀ (ਭਲਾਈ ਭਾਗ)

ਵੱਲ,

ਸਾਰੇ ਇੰਜ:-ਇਨ-ਚੀਫ/ਜਨਰਲ ਮੈਨੇਜਰ/ਮੁੱਖ. ਇੰਜ:/
ਨਿਗਰਾਨ ਇੰਜ:/ਸੀ.ਕਾ:ਕਾ:ਇੰਜ:/ਉਪ ਮੰਡਲ ਅਫਸਰ,
ਪੀਐਸਪੀਸੀਐਲ/ਪੀਐਸਟੀਸੀਐਲ।

ਮੀਮੋ ਨੰ : 407/1757 ਭਭ-1-109 ਮਿਤੀ 01.02.2011

ਵਿਸ਼ਾ : ਮਿਤੀ 11-8-2010,7-9-2010,21-9-2010,8-12-2010 ਅਤੇ 9-12-2010 ਨੂੰ ਕੀਤੀਆਂ ਗਈਆਂ ਹੜਤਾਲਾਂ ਦੇ ਸਮੇਂ ਨੂੰ ਨਿਯਮਤ ਕਰਨ ਬਾਰੇ।

ਪੀਐਸਪੀਸੀਐਲ/ਪੀਐਸਟੀਸੀਐਲ ਦੀਆਂ ਮੁਲਾਜ਼ਮ ਜਥੇਬੰਦੀਆਂ ਵਲੋਂ ਦਿੱਤੇ ਗਏ ਹੜਤਾਲ ਦੇ ਸੱਦੇ ਤੇ ਕੁੱਝ ਕਰਮਚਾਰੀਆਂ ਵਲੋਂ ਮਿਤੀ 11-8-2010,7-9-2010,21-9-2010,8-12-2010 ਅਤੇ 9-12-2010 ਨੂੰ ਹੜਤਾਲ ਵਿੱਚ ਭਾਗ ਲਿਆ ਗਿਆ ਸੀ। ਮਿਤੀ 4.1.11 ਨੂੰ ਪ੍ਰਸ਼ਾਸ਼ਨ ਅਤੇ ਮੁਲਾਜਮ ਜਥੇਬੰਦੀਆਂ ਵਿਚਕਾਰ ਮੀਟਿੰਗ ਕੀਤੀ ਗਈ ਜਿਸ ਵਿੱਚ ਜਥੇਬੰਦੀਆਂ ਵਲੋਂ ਦੱਸਿਆ ਗਿਆ ਕਿ ਐਜੀਟੇਸ਼ਨਾਂ ਤੋਂ ਗੁਰੇਜ ਕਰਕੇ ਸਦਭਾਵਨਾ ਦਾ ਵਾਤਾਵਰਣ ਬਰਕਰਾਰ ਰੱਖਿਆ ਜਾਵੇਗਾ, ਸਾਲ 2011 ਨੂੰ ਪ੍ਰੋਡਕਟੀਵਿਟੀ ਵਰੇ ਵਜੋਂ ਮਨਾਇਆ ਜਾਵੇਗਾ,ਕਾਰਪੋਰੇਸ਼ਨਾਂ ਦੀ ਬਿਹਤਰੀ ,ਵਰਕਕਲਚਰ ਵਿੱਚ ਸੁਧਾਰ ਅਤੇ ਖਪਤਕਾਰਾਂ ਨੂੰ ਬਿਹਤਰ ਸੇਵਾਵਾਂ ਦੇਣ ਦੇ ਉਪਰਾਲੇ ਕੀਤੇ ਜਾਣਗੇ ਜ਼ਿਸ ਨੂੰ ਮੱਦੇਨਜਰ ਰੱਖਦਿਆਂ ਪ੍ਰਸ਼ਾਸ਼ਨ ਵਲੋਂ ਇਹਨਾਂ ਹੜਤਾਲਾਂ ਦੇ ਸਮੇਂ ਨੂੰ ਬਣਦੀ ਛੁੱਟੀ ਵਿੱਚ ਤਬਦੀਲ ਕਰਕੇ ਨਿਯਮਤ ਕਰਨ, ਅਤੇ ਇਨਾਂ ਹੜਤਾਲਾਂ ਵਿੱਚ ਭਾਗ ਲੈਣ ਵਾਲੇ ਕਰਮਚਾਰੀਆਂ ਵਿਰੁੱਧ ਕਾਰਵਾਈ ਕਰਨ ਲਈ ਕ੍ਰਮਵਾਰ ਮੀਮੋ ਨੰ:3085/4435 ਮਿਤੀ 29-7-2010,ਮੀਮੋ ਨੰ:7507/8857 ਮਿਤੀ 27-8-10 ਮੀਮੋ ਨੰ:9178/10528 ਮਿਤੀ 10-9-10 ਅਤੇ 20606/12 ਮਿਤੀ 6-12-10 ਰਾਹੀਂ ਜਾਰੀ ਕੀਤੀਆਂ ਹਦਾਇਤਾਂ ਨੂੰ ਵਾਪਸ ਲੈਣ ਦਾ ਫੈਸਲਾ ਕੀਤਾ ਗਿਆ ਹੈ। ਇਹ ਫੈਸਲਾ ਉਪਰੋਕਤ ਦਰਸਾਈਆਂ ਮਿਤੀਆਂ ਦੀਆਂ ਹੜਤਾਲਾਂ ਬਾਰੇ ਹੀ ਕੀਤਾ ਗਿਆ ਹੈ। ਅੱਗੇ ਤੋਂ ਇਸ ਨੂੰ ਰਿਵਾਇਤ (**Precedent**) ਨਹੀਂ ਬਣਾਇਆ ਜਾਵੇਗਾ।

ਉਪਰੋਕਤ ਫੈਸਲੇ ਅਨੁਸਾਰ ਅਗਲੀ ਲੋੜੀਂਦੀਂ ਕਾਰਵਾਈ ਕੀਤੀ ਜਾਵੇ ਜੀ।

ਇਹ ਸਮੱਰਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਜਾਰੀ ਕੀਤਾ ਜਾਂਦਾ ਹੈ।

1/2/2011

ਉਪ ਸਕੱਤਰ/ਸ਼ਿਕਾਇਤਾਂ ਤੇ ਭਲਾਈ,
ਪੀਐਸਪੀਸੀਐਲ,ਪਟਿਆਲਾ।

ਪਿੱਠ ਅੰਕਣ ਨੰ: 1758/1808 ਭਭ-1-109 ਮਿਤੀ: 01.02.2011

ਉਪਰੋਕਤ ਦਾ ਉਤਾਰਾ ਨਿਮਨ ਦਰਸਾਏ ਅਧਿਕਾਰੀਆਂ ਨੂੰ ਸੂਚਨਾਂ ਅਤੇ ਅਗਲੇਰੀ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ :-

1. ਡੀ.ਜੀ.ਪੀ./ਵੀ. ਤੇ ਐਸ.,ਪੀਐਸਪੀਸੀਐਲ, ਪਟਿਆਲਾ।
2. ਮੁੱਖ ਪੜਤਾਲਕਾਰ, ਪੀਐਸਪੀਸੀਐਲ, ਪਟਿਆਲਾ।
3. ਮੁੱਖ ਲੇਖਾ ਅਫਸਰ, ਪੀਐਸਪੀਸੀਐਲ, ਪਟਿਆਲਾ।
4. ਵਿੱਤ ਸਲਾਹਕਾਰ, ਪੀਐਸਪੀਸੀਐਲ, ਪਟਿਆਲਾ।
5. ਕਾਨੂੰਨੀ ਸਲਾਹਕਾਰ, ਪੀਐਸਪੀਸੀਐਲ, ਪਟਿਆਲਾ।
6. ਸਾਰੇ ਸੰਯੁਕਤ ਸਕੱਤਰ/ਉਪ ਸਕੱਤਰ/ਅਧੀਨ ਸਕੱਤਰ, ਸਾਰੇ ਸ਼ਾਖਾ ਅਫਸਰ, ਭਾਗਾਂ ਦੇ ਮੁੱਖੀ (ਪੀਐਸਪੀਸੀਐਲ/ਪੀਐਸਟੀਸੀਐਲ ਵਿੱਚ ਸਦਰ ਮੁਕਾਮ ਦਫਤਰਾਂ ਵਿੱਚ), ਉਪ ਸਕੱਤਰ ਟੂ ਸੀਐਮਡੀ, ਨਿੱਜੀ ਸਕੱਤਰ ਟੂ ਡਾਇਰੈਕਟਰਜ਼।

1/2/2011

ਉਪ ਸਕੱਤਰ/ਸ਼ਿਕਾਇਤਾਂ ਤੇ ਭਲਾਈ,
ਪੀਐਸਪੀਸੀਐਲ,ਪਟਿਆਲਾ।

1/2/11

ਸੀ. ਸੀ.
ਉਪ ਸਕੱਤਰ/ਆਈ. ਟੀ.
ਪੀ. ਐਸ. ਪੀ. ਸੀ. ਐਲ. ਪਟਿਆਲਾ।